# D-107

## Domain Knowledge Test-2022

# Punjabi

OMR Sr. No.______________ Booklet Sr. No.

Time: **60 Minutes** Total Questions: **50** Max Marks: **100**

Roll No. (In figure)__________________ (in words) ______________________________________

Signature of Candidate Signature of Invigilator

**IMPORTANT**

**DO NOT OPEN THE BOOKLET UNLESS YOU ARE ASKED TO DO SO**

**FIRST READ FOLLOWING INSTRUCTIONS CAREFULLY**

1. The candidate will fill up required particulars including his/her roll no. and signature on the OMR sheet with ball point pen (Black/Blue) in the appropriate boxes.
2. Question booklet and OMR sheet will be distributed to the candidates ten minutes before the commencement of the test.
3. Immediately on opening the question-booklet, the candidate should check the booklet and ensure that it contains 50 multiple choice objective type questions (Sr. No. **1** to **50**) and the OMR Sheet (Answer-Sheet) for answers and that none question is missing. Discrepancy, if any, should be reported by the candidate to the invigilator within 5 (five) minutes of the opening of the question booklet. If deem fit, a correct question booklet/OMR sheet shall be supplied.
4. **For each question, four suggested answers a, b, c, d are given. The candidate has to choose only one answer which he/she considers the correct or the most appropriate one. If candidate darkens more than one circle or cutting/overwriting/erasing putting of white fluid or any other chemicals on OMR Sheet, then such answer(s) shall not be evaluated.**
5. The answer should be marked by darkening appropriate circle provided in front of the concerned serial number, with **black/blue ball point pen only. Use of pencil is not allowed.** For instance, while answering the Question No. 26 of the question booklet, the correct answer **a** or **b** or **c** or **d** at Serial No. 26 of OMR sheet should only be darkened.
6. **Each correct answer will be awarded 02 marks. There will be NEGATIVE marking of 0.25% marks for each wrong answer in the Test.**
7. The candidate should be careful in handling the question-paper and in darkening the responses on the OMR Sheet. **The second question booklet/OMR sheet will not be supplied in any case.**
8. Bringing of in-criminal materials, electronic gadgets/devices including cell phone and calculators in the premises of the examination centre is strictly prohibited. Possessing of in-criminal materials, electronic gadgets/devices and any other aiding material in the examination hall will be a serious offence and will attract the cancellation of your candidature.
9. The candidate will not be permitted to leave the examination hall before the conclusion of the test. The candidate should make sure that question-booklet (including OMR sheet) is handed over to the invigilator before leaving the examination hall at the end of the test, failing which a case of use of unfair-means/misbehaviour will be registered against him/her, in addition to lodging of an FIR with the police. Further, OMR-sheet of such a candidate will not be evaluated.
10. The candidate can do rough-work on the back of the title cover of question booklet. **Rough-work on OMR sheet is strictly prohibited.**

# ਪ੍ਰਸ਼ਨ ਪੱਤਰ: ਪੰਜਾਬੀ

1 ਸੰਰਚਨਾਤਮਕ ਭਾਸ਼ਾ ਵਿਗਿਆਨ ਅਨੁਸਾਰ ਭਾਸ਼ਾ ਹੈ:

(A) ਸੰਚਾਰ ਦਾ ਸਾਧਨ
(B) ਸਮਾਜਿਕ ਵਰਤਾਰਾ
(C) ਖ਼ੁਦਮੁਖਤਾਰ ਵਰਤਾਰਾ
(D) ਮਨੁੱਖੀ ਹਸਤੀ ਦੀ ਪਹਿਚਾਣ

2 ਰੂਪਾਂਤਰੀ ਵਿਆਕਰਨ ਨਾਲ ਸੰਬੰਧਤ ਭਾਸ਼ਾ ਵਿਗਿਆਨੀ ਹੈ:

(A) ਸੋਸਿਊਰ
(B) ਨੋਮ ਚਾਮਸਕੀ
(C) ਬਲੂਮਫੀਲਡ
(D) ਲੇਹਮੈਨ

3 ਪੁਸਤਕ 'ਸਿਧਾਂਤਕ ਭਾਸ਼ਾ ਵਿਗਿਆਨ' ਦਾ ਲੇਖਕ ਹੈ:

(A) ਡਾ. ਪ੍ਰੇਮ ਪ੍ਰਕਾਸ਼ ਸਿੰਘ
(B) ਡਾ. ਪਰਮਜੀਤ ਸਿੰਘ ਸਿੱਧੂ
(C) ਡਾ. ਬਲਦੇਵ ਸਿੰਘ ਚੀਮਾ
(D) ਡਾ. ਸੁਖਵਿੰਦਰ ਸਿੰਘ ਸੰਘਾ

4 ਪੰਜਾਬੀ ਵਾਕ ਬਣਤਰ ਦੀ ਕ੍ਰਮ ਵਿਉਂਤ ਹੈ;

(A) ਕਰਤਾ, ਕਰਮ, ਕਿਰਿਆ

(B) ਕਰਤਾ, ਕਿਰਿਆ, ਕਰਮ

(C) ਕਰਮ, ਕਰਤਾ, ਕਿਰਿਆ

(D) ਕਰਤਾ, ਸਹਾਇਕ ਕਿਰਿਆ, ਕਰਮ

5 ਪੰਜਾਬੀ ਭਾਸ਼ਾ ਦੀਆਂ ਕੰਠੀ ਧੁਨੀਆਂ ਕਿਹੜੀਆਂ ਹਨ;

(A) ਤ, ਥ, ਦ

(B) ਚ, ਛ, ਜ

(C) ਕ, ਖ, ਗ

(D) ਪ,ਫ, ਬ

6 ਗੁਰਮੁਖੀ ਲਿਪੀ ਵਿੱਚ ਸਵਰ ਵਾਹਕਾਂ ਦੀ ਗਿਣਤੀ ਹੈ:

(A) ਤਿੰਨ

(B) ਚਾਰ

(C) ਛੇ

(D) ਦਸ

7 ਗੁਰਮੁਖੀ ਵਰਣਮਾਲਾ ਵਿੱਚ ਲਿਪੀ-ਚਿੰਨ੍ਹਾਂ ਦੀ ਗਿਣਤੀ ਹੈ ;

(A) 35

(B) 41

(C) 52

(D) 45

8 ਵਾਕੰਸ਼ ਕੀ ਹੈ;

(A) ਵਿਆਕਰਨਿਕ ਇਕਾਈ

(B) ਵਿਆਕਰਨਿਕ ਸ਼੍ਰੇਣੀ

(C) ਸ਼ਬਦ-ਜੁੱਟ

(D) ਵਾਕ ਵਿਉਂਤ

9 ਪੰਜਾਬੀ ਸਾਹਿੱਤ ਦਾ ਸੁਨਿਹਰਾ ਕਾਲ ਹੈ;

(A) ਆਦਿ ਕਾਲ

(B) ਮੱਧ ਕਾਲ

(C) ਆਧੁਨਿਕ ਕਾਲ

(D) ਸਮਕਾਲ

10 ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਜੈਜੈਵੰਤੀ ਰਾਗ ਦੀ ਵਰਤੋਂ ਕਿਸ ਬਾਣੀਕਾਰ ਨੇ ਕੀਤੀ:;

(A) ਗੁਰੂ ਤੇਗ਼ ਬਹਾਦਰ

(B) ਗੁਰੂ ਨਾਨਕ ਦੇਵ

(C) ਭਗਤ ਕਬੀਰ

(D) ਗੁਰੂ ਅਰਜਨ ਦੇਵ

11 ਭਾਈ ਗੁਰਦਾਸ ਨੇ ਕਿਹੜੇ ਰੂਪਾਕਾਰ ਵਿੱਚ ਰਚਨਾ ਕੀਤੀ ;

(A) ਬਾਰ੍ਹਮਾਹਾ

(B) ਵਾਰ

(C) ਸਾਖੀ

(D) ਗੋਸ਼ਟਾਂ

12 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਨ੍ਹੇ ਬਾਣੀਕਾਰਾਂ ਦੀ ਬਾਣੀ ਦਰਜ਼ ਹੈ;

(A) 36

(B) 31

(C) 25

(D) 30

13 ਕਿਹੜੇ ਭਗਤ ਨੇ ਇੱਕੋ ਵੇਲੇ ਸਰਗੁਣ ਤੇ ਨਿਰਗੁਣ ਨੂੰ ਆਪਣੀ ਬਾਣੀ ਦਾ ਆਧਾਰ ਬਣਾਇਆ;

(A) ਜੈ ਦੇਵ

(B) ਕਬੀਰ

(C) ਰਵੀਦਾਸ

(D) ਭਾਈ ਗੁਰਦਾਸ

14 ਸੂਫ਼ੀ ਮੱਤ ਦੇ ਕੇਂਦਰੀ ਤੱਤ ਹੈ;

(A) ਮੁਰਸ਼ਦ ਤੇ ਸ਼ਰੀਅਤ

(B) ਮੁਰਸ਼ਦ ਤੇ ਇਸ਼ਕ

(C) ਸਿਲਸਿਲਾ ਤੇ ਹੱਜ

(D) ਮਸੀਤ ਤੇ ਤੀਰਥ ਯਾਤਰਾ

15 ਕਿੱਸਾ ਕਾਵਿ-ਧਾਰਾ ਨਾਲ ਸੰਬੰਧਤ ਕਵੀ ਹਨ;

(A) ਵਾਰਿਸ ਸ਼ਾਹ, ਹਾਸ਼ਮ ਸ਼ਾਹ, ਸੇਖ਼ ਫਰੀਦ

(B) ਕਾਦਰਯਾਰ, ਅਹਿਮਦਯਾਰ, ਸ਼ਾਹ ਹੁਸ਼ੈਨ

(C) ਵਾਰਿਸ ਸ਼ਾਹ, ਹਾਸ਼ਮ ਸ਼ਾਹ, ਪੀਲੂ

(D) ਵਾਰਿਸ ਸ਼ਾਹ, ਹਾਸ਼ਮ ਸ਼ਾਹ, ਨਜਾਬਤ

16 ਪੰਜਾਬੀ ਵਾਰ ਕਾਵਿ ਨਾਲ ਸੰਬੰਧਤ ਕਵੀ ਹਨ;

(A) ਸੁਲਤਾਨ ਬਾਹੂ, ਗੁਰੂ ਗੋਬਿੰਦ ਸਿੰਘ, ਭਾਈ ਗੁਰਦਾਸ

(B) ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ, ਭਾਈ ਗੁਰਦਾਸ

(C) ਨਜਾਬਤ, ਗੁਰੂ ਗੋਬਿੰਦ ਸਿੰਘ, ਫ਼ਜਲ ਸ਼ਾਹ

(D) ਪੀਲੂ, ਭਾਈ ਵੀਰ ਸਿੰਘ, ਭਾਈ ਗੁਰਦਾਸ

17 ਪੰਜਾਬੀ ਸੂਫ਼ੀ ਕਾਵਿ ਨਾਲ ਸੰਬੰਧਤ ਕਵੀ ਹਨ;

(A) ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ

(B) ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਵਾਰਿਸ ਸ਼ਾਹ

(C) ਅਹਿਮਦ ਗੁੱਜਰ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ

(D) ਦਮੋਦਰ, ਮੁਕਬਲ, ਬੁਲ੍ਹੇ ਸ਼ਾਹ

18 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗਾਂ ਵਿੱਚ ਬਾਣੀ ਦਰਜ਼ ਹੈ;

(A) ਦਸ

(B) ਗਿਆਰਾਂ

(C) ਇਕੱਤੀ

(D) ਅੱਠ

19 ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਹੈ;

(A) ਨੌਰਾ ਰਿਚਰਡਜ਼

(B) ਨਾਨਕ ਸਿੰਘ

(C) ਲਾਲਾ ਕਿਰਪਾ ਸਾਗਰ

(D) ਭਾਈ ਵੀਰ ਸਿੰਘ

20 ਵਿਅਕਤੀਵਾਦੀ ਆਦਰਸ਼ਵਾਦੀ ਧਾਰਾ ਨਾਲ ਸੰਬੰਧਤ ਵਾਰਤਕਕਾਰ ਹੈ;

(A) ਗੁਰਬਖ਼ਸ਼ ਸਿੰਘ ਪ੍ਰੀਤਲੜੀ

(B) ਬਲਵੰਤ ਗਾਰਗੀ

(C) ਬਲਰਾਜ ਸਾਹਨੀ

(D) ਪ੍ਰਿੰਸੀਪਲ ਤੇਜਾ ਸਿੰਘ

21 ਪੰਜਾਬੀ ਨਾਵਲ ਦੇ ਖੇਤਰ ਵਿੱਚ ਗਿਆਨਪੀਠ ਸਨਮਾਨ ਨਾਲ ਸਨਮਾਨਿਤ ਨਾਵਲਕਾਰ ਹੈ;

(A) ਦਲੀਪ ਕੌਰ ਟਿਵਾਣਾ

(B) ਗੁਰਦਿਆਲ ਸਿੰਘ

(C) ਸੋਹਣ ਸਿੰਘ ਸੀਤਲ

(D) ਦਰਸ਼ਨ ਸਿੰਘ ਧੀਰ

22 ਲੋਕਧਾਰਾ ਤੇ ਲੋਕਯਾਨ ਹਨ;

(A) ਸਮਾਨਆਰਥੀ

(B) ਵਿਰੋਧਆਰਥੀ

(C) ਭਿੰਨ ਭਿੰਨ ਸੰਕਲਪ

(D) ਭਿੰਨ ਭਿੰਨ ਵਿਸ਼ੈ-ਖੇਤਰ

23 'ਮੋਰਫਾਲੋਜੀ ਆਫ਼ ਦਾ ਫੋਕਟੇਲ' ਪੁਸਤਕ ਦਾ ਲੇਖਕ ਹੈ;

(A) ਰੋਲਾਂ ਬਾਰਤ
(B) ਕਲਾਦ ਲੈਵੀਸਤਰਾਸ
(C) ਵਲਾਦੀਮੀਰ ਪ੍ਰਾਪ
(D) ਐਲਨ ਟੇਟ

24 'ਪੰਜਾਬੀ ਸਭਿਆਚਾਰ ਦੇ ਪਛਾਣ-ਚਿੰਨ੍ਹ'ਪੁਸਤਕ ਦਾ ਲੇਖਕ ਹੈ;

(A) ਡਾ. ਜਸਵਿੰਦਰ ਸਿੰਘ
(B) ਡਾ. ਨਾਹਰ ਸਿੰਘ
(C) ਡਾ. ਗੁਰਬਖ਼ਸ਼ ਸਿੰਘ ਫ਼ਰੈਂਕ
(D) ਡਾ. ਭੁਪਿੰਦਰ ਸਿੰਘ ਖਹਿਰਾ

25 ਹੇਠ ਲਿਖਿਆਂ ਵਿੱਚੋਂ ਲੋਕ-ਸਾਜ਼ਾਂ ਦਾ ਸਹੀ ਜੁੱਟ ਹੈ;

(A) ਹਰਮੋਨੀਅਮ ਤੇ ਇੱਕ-ਤਾਰਾ
(B) ਢੋਲ ਅਤੇ ਸਿਤਾਰ
(C) ਢੋਲਕੀ ਅਤੇ ਬੁਗਤੂ
(D) ਵੰਝਲੀ ਅਤੇ ਤਬਲਾ

26 ਪਰਵਾਸੀ ਪੰਜਾਬੀ ਗਲਪਕਾਰ ਦਾ ਸਹੀ ਜੁੱਟ ਹੈ;

(A) ਦਰਸ਼ਨ ਸਿੰਘ ਧੀਰ ਅਤੇ ਦਰਸ਼ਨ ਸਿੰਘ ਗਿੱਲ

(B) ਹਰਜੀਤ ਅਟਵਾਲ ਅਤੇ ਪ੍ਰੋ. ਹਰਭਜਨ ਸਿੰਘ

(C) ਡਾ. ਮਹਿੰਦਰ ਗਿੱਲ ਅਤੇ ਹਰਪ੍ਰੀਤ ਸੇਖਾ

(D) ਸਵਰਨ ਚੰਦਨ ਅਤੇ ਮੰਗਾ ਸਿੰਘ ਬਾਸੀ

27 ਬਰਤਾਨਵੀ ਪੰਜਾਬੀ ਕਵੀਆਂ ਦਾ ਸਹੀ ਜੁੱਟ ਹੈ;

(A) ਅਜਮੇਰ ਕਵੈਂਟਰੀ ਅਤੇ ਇਕਬਾਲ ਰਾਮੂਵਾਲੀਆ
(B) ਦਰਸਨ ਬੁਲੰਦਵੀ ਅਤੇ ਮੰਗਾ ਸਿੰਘ ਬਾਸੀ
(C) ਨਿਰੰਜਣ ਸਿੰਘ ਨੂਰ ਅਤੇ ਮਹਿੰਦਰ ਗਿੱਲ
(D) ਦਰਸ਼ਨ ਗਿੱਲ ਅਤੇ ਜਸਵਿੰਦਰ ਮਾਨ

28 ਨਾਵਲ 'ਪੈੜ੍ਹਾਂ ਦੇ ਆਰ-ਪਾਰ' ਦਾ ਲੇਖਕ ਹੈ:

(A) ਦਰਸ਼ਨ ਸਿੰਘ ਧੀਰ
(B) ਹਰਜੀਤ ਅਟਵਾਲ
(C) ਸਵਰਨ ਚੰਦਨ
(D) ਨਦੀਮ ਪਰਮਾਰ

29 ਉੱਤਰੀ ਅਮਰੀਕਾ ਦੇ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਹੈ;

(A) ਵੀਨਾ ਵਰਮਾ ਅਤੇ ਪਰਵੇਜ਼ ਸੰਧੂ
(B) ਜਰਨੈਲ ਸਿੰਘ ਅਤੇ ਜਗਜੀਤ ਬਰਾੜ
(C) ਹਰਪ੍ਰੀਤ ਸੇਖਾ ਅਤੇ ਹਰਜੀਤ ਅਟਵਾਲ
(D) ਰਘਬੀਰ ਢੰਡ ਅਤੇ ਸੁਰਿੰਦਰ ਸੋਹਲ

30 ਪਾਕਿਸਤਾਨੀ ਪੰਜਾਬੀ ਸਾਹਿੱਤ ਦੇ ਪ੍ਰਮੁੱਖ ਕਵੀਆਂ ਦਾ ਸਹੀ ਜੁੱਟ ਹੈ;

(A) ਫ਼ਖ਼ਰ ਜਮ੍ਹਾਂ ਅਤੇ ਮਕਸੂਦ ਸਾਕਿਬ

(B) ਬਾਬਾ ਨਜ਼ਮੀ ਅਤੇ ਉਸਤਾਦ ਦਾਮਨ

(C) ਅਹਿਸਾਨ ਬਾਜਵਾ ਅਤੇ ਨਜਮ ਹੁਸੈਨ ਸੱਯਦ

(D) ਅਕਰਮ ਸ਼ੇਖ ਅਤੇ ਖ਼ਾਲਿਦ ਧਾਲੀਵਾਲ

31 'ਸੇਧਾਂ ਤੇ ਸਾਰਾਂ' ਪੁਸਤਕਾਂ ਦਾ ਲੇਖਕ ਹੈ:

(A) ਨਜਮ ਹੁਸੈਨ ਸੱਯਦ
(B) ਅਨਲ ਹੱਕ ਫ਼ਰੀਦਕੋਟੀ
(C) ਸ਼ਾਹੀਨ ਮਲਿਕ
(D) ਅਫ਼ਜਲ ਅਹਿਸਨ ਰੰਧਾਵਾ

32 ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਦਾ ਸਹੀ ਜੁੱਟ ਹੈ;

(A) ਅਫ਼ਜਲ ਪਰਵੇਜ਼ ਅਤੇ ਅਹਿਸਾਨ ਬਾਜਵਾ
(B) ਅਫ਼ਜਲ ਅਹਿਸਨ ਰੰਧਾਵਾ ਅਤੇ ਮਕਸੂਦ ਸਾਕਿਬ
(C) ਖਾਲਿਦ ਫਰਹਾਦ ਧਾਲੀਵਾਲ ਅਤੇ ਫ਼ਖਰ ਜਮ੍ਹਾਂ
(D) ਖਾਲਿਦ ਹੁਸੈਨ ਅਤੇ ਰਜੀਆ ਨੂਰ ਮਹੰਮਦ

33 ਪੁਸਤਕ 'ਔਚਿਤਯ ਵਿਚਾਰ ਚਰਚਾ' ਦਾ ਕਰਤਾ ਹੈ;

(A) ਆਨੰਦਵਰਧਨ
(B) ਵਾਮਨ
(C) ਕਸ਼ਮੇਂਦਰ
(D) ਭਰਤਮੁਨੀ

34 ਸਧਾਰਨੀਕਰਨ ਦਾ ਸੰਕਲਪ ਕਿਸ ਸੰਪ੍ਰਦਾਈ ਨਾਲ ਸੰਬੰਧਿਤ ਹੈ;

(A) ਧ੍ਵਨੀ ਸੰਪਰਦਾਇ
(B) ਅਲੰਕਾਰ ਸੰਪਰਦਾਇ
(C) ਰੀਤੀ ਸੰਪਰਦਾਇ
(D) ਰਸ ਸੰਪਰਦਾਇ

35 'Narrative Discourse' ਪੁਸਤਕ ਦਾ ਕਰਤਾ ਹੈ;

(A) ਜੇਨਾਰਡ ਜੈਨੇ
(B) ਰੋਲਾਂ ਬਾਰਤ
(C) ਰਾਬਰਟ ਸ਼ੋਲਜ਼
(D) ਜਾਰਜ ਪ੍ਰਿੰਸ

36 'ਅੰਤਰਪਾਠਾਤਮਕਤਾ' ਦਾ ਸੰਕਲਪ ਕਿਸ ਸਿਧਾਂਤਕਾਰ ਨਾਲ ਸੰਬੰਧਤ ਹੈ;

(A) ਮਿਸ਼ੇਲ ਫੂਕੋ
(B) ਯੱਕ ਦੇਰੀਦਾ
(C) ਲੂਸੀਅਨ ਗੋਲਡਮਾਨ
(D) ਜੂਲੀਆ ਕ੍ਰਿਸਤਿਵਾ

37 'ਸਮਦਰਸ਼ਨ' ਪੁਸਤਕ ਦਾ ਲੇਖਕ ਹੈ;

(A) ਸੰਤ ਸਿੰਘ ਸੇਖੋਂ
(B) ਪ੍ਰੋ. ਕਿਸ਼ਨ ਸਿੰਘ
(C) ਡਾ. ਅਤਰ ਸਿੰਘ
(D) ਡਾ. ਰਵਿੰਦਰ ਸਿੰਘ ਰਵੀ

38 ਪੰਜਾਬੀ ਦੇ ਚਿਹਨ-ਵਿਗਿਆਨਕ ਆਲੋਚਕਾਂ ਦਾ ਸਹੀ ਜੁੱਟ ਹੈ;

(A) ਡਾ. ਹਰਿਭਜਨ ਸਿੰਘ ਤੇ ਡਾ. ਰਵਿੰਦਰ ਸਿੰਘ ਰਵੀ
(B) ਡਾ. ਸੁਰਜੀਤ ਲੀਅ ਤੇ ਡਾ. ਪਰਮਜੀਤ ਸਿੰਘ ਸਿੱਧੂ
(C) ਡਾ. ਤਰਲੋਕ ਸਿੰਘ ਕੰਵਰ ਤੇ ਡਾ. ਤੇਜਵੰਤ ਸਿੰਘ ਗਿੱਲ
(D) ਡਾ. ਜਗਬੀਰ ਸਿੰਘ ਤੇ ਪ੍ਰੋ. ਕਿਸ਼ਨ ਸਿੰਘ

39 ਪੰਜਾਬੀ ਕਹਾਣੀ ਦੀ ਆਲੋਚਨਾ ਨਾਲ ਸੰਬੰਧਤ ਵਿਦਵਾਨ ਹਨ;

(A) ਡਾ. ਜੋਗਿੰਦਰ ਸਿੰਘ ਰਾਹੀ ਤੇ ਡਾ. ਕਰਮਜੀਤ ਸਿੰਘ
(B) ਡਾ. ਹਰਿਭਜਨ ਸਿੰਘ ਭਾਟੀਆ ਤੇ ਡਾ. ਜਗਜੀਤ ਸਿੰਘ
(C) ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਤੇ ਡਾ. ਸੁਖਦੇਵ ਸਿੰਘ
(D) ਡਾ. ਟੀ ਆਰ ਵਿਨੋਦ ਤੇ ਡਾ. ਧਨਵੰਤ ਕੌਰ

40 ਕਹਾਣੀ ਸੰਗ੍ਰਹਿ 'ਬਲਦੀ ਬਰਫ਼ ਦਾ ਸੇਕ' ਦਾ ਰਚਨਾਕਾਰ ਹੈ;

(A) ਹਰਭਜਨ ਸਿੰਘ ਸਾਗਰ
(B) ਪ੍ਰੇਮ ਪ੍ਰਕਾਸ਼
(C) ਖ਼ਾਲਿਦ ਹੁਸੈਨ
(D) ਜਿੰਦਰ

41 ਪੰਜਾਬੀ ਦੇ ਯਥਾਰਥਵਾਦੀ ਕਹਾਣੀਕਾਰਾਂ ਦਾ ਸਹੀ ਜੁੱਟ ਹੈ;

(A) ਨਾਨਕ ਸਿੰਘ ਤੇ ਮੋਹਨ ਸਿੰਘ ਵੈਦ
(B) ਸੰਤ ਸਿੰਘ ਸੇਖੋਂ ਤੇ ਕੁਲਵੰਤ ਸਿੰਘ ਵਿਰਕ
(C) ਸੰਤੋਖ ਸਿੰਘ ਧੀਰ ਤੇ ਗੁਰਮੁੱਖ ਸਿੰਘ ਮੁਸਾਫ਼ਰ
(D) ਵਰਿਆਮ ਸਿੰਘ ਸੰਧੂ ਤੇ ਗੁਰਬਖਸ਼ ਸਿੰਘ ਪ੍ਰੀਤਲੜੀ

42 ਪੰਜਾਬੀ ਦਾ ਕਿੱਸਾ ਕਾਵਿ ਕਿਸ ਰੂਪਾਕਾਰ ਉੱਤੇ ਆਧਾਰਤ ਹੈ;

(A) ਹਮਦ
(B) ਨਾਅਤ
(C) ਮਸਨਵੀ
(D) ਜੰਗਨਾਮਾ

43 ਕਿਹੜੇ ਕਿੱਸਾਕਾਰ ਨੇ ਦਵੈਯਾ ਛੰਦ ਵਿੱਚ ਕਿੱਸੇ ਦੀ ਰਚਨਾ ਕੀਤੀ ਹੈ;

(A) ਦਮੋਦਰ ਤੇ ਹਾਸ਼ਮ ਸ਼ਾਹ
(B) ਵਾਰਿਸ ਸ਼ਾਹ ਤੇ ਮੁਕਬਲ
(C) ਅਹਿਮਦ ਗੁੱਜਰ ਤੇ ਕਾਦਰਯਾਰ
(D) ਫ਼ਜਲ ਸ਼ਾਹ ਤੇ ਕਿਸ਼ਨ ਸਿੰਘ ਆਰਿਫ਼

44 ਪੰਜਾਬੀ ਵਿੱਚ ਕਿਸ ਨਾਟਕਕਾਰ ਨੇ ਐਬਸਰਡਵਾਦੀ ਨਾਟਕਾਂ ਦੀ ਰਚਨਾ ਕੀਤੀ;

(A) ਈਸ਼ਵਰ ਚੰਦਰ ਨੰਦਾ
(B) ਹਰਚਰਨ ਸਿੰਘ
(C) ਸੁਰਜੀਤ ਸਿੰਘ ਸੇਠੀ
(D) ਬਲਵੰਤ ਗਾਰਗੀ

45 ਦੁਆਬੇ ਆਂਚਲ ਨਾਲ ਸੰਬੰਧਤ ਨਾਟਕਾਂ ਦਾ ਰਚਨਾਕਾਰ;

(A) ਅਜਮੇਰ ਔਲਖ
(B) ਆਤਮਜੀਤ
(C) ਚਰਨ ਦਾਸ ਸਿੱਧੂ
(D) ਕਪੂਰ ਸਿੰਘ ਘੁੰਮਣ

ਆਧੁਨਿਕ ਪੰਜਾਬੀ ਸਾਹਿੱਤ ਦੇ ਭਿੰਨ ਭਿੰਨ ਰੂਪਾਕਾਰਾਂ ਦੇ ਜਨਮ ਸੰਬੰਧੀ ਅਸੀਂ ਆਮ ਤੌਰ 'ਤੇ ਇੱਕ ਪਾਸੜ ਨਜ਼ਰੀਆ ਅਖ਼ਤਿਆਰ ਕਰਦੇ ਹਾਂ। ਹਾਲਾਂਕਿ, ਇਹਨਾਂ ਦੀ ਉਤਪਤੀ ਦੇ ਇੱਕ ਤੋਂ ਵਧੇਰੇ ਪ੍ਰੇਰਿਕ ਦੇਖੇ ਜਾ ਸਕਦੇ ਹਨ ਫਿਰ ਵੀ ਅਸੀ ਇਸਦਾ ਇੱਕੋ ਇੱਕ ਕਾਰਨ ਅੰਗਰੇਜਾਂ ਦਾ ਪੰਜਾਬ ਉਪਰ ਹੋਣ ਵਾਲੇ ਕਬਜ਼ੇ ਨੂੰ ਹੀ ਮੰਨਦੇ ਹਾਂ। ਇਸੇ ਤਰਕ ਦੇ ਆਧਾਰ 'ਤੇ ਮੰਨਿਆ ਜਾਂਦਾ ਹੈ ਕਿ ਪੰਜਾਬੀ ਨਾਵਲ ਦਾ ਆਰੰਭ ਵੀ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ਾ ਕਰਨ ਅਤੇ ਇਥੇ ਆਪਨਾ ਨਿਜ਼ਾਮ ਕਾਇਮ ਕਰਨ ਤੋਂ ਬਾਅਦ ਹੀ ਸੰਭਵ ਹੋਇਆ। ਜਿਸ ਕਰਕੇ ਪੰਜਾਬੀ ਨਾਵਲ ਦੀ ਰੂਪਾਕਾਰਕ ਹੋਂਦ-ਵਿਧੀ ਦਾ ਪੱਛਮੀ ਯੂਰਪ ਦੇ ਯਥਾਰਥ ਅਤੇ ਉੱਥੇ ਪ੍ਰਚਲਿਤ ਹੋਏ ਨਾਵਲ ਦੇ ਰੂਪਾਕਾਰ ਦੀ ਬਣਤਰ ਨਾਲ ਅਜਿਹਾ ਰਿਸ਼ਤਾ ਕਾਇਮ ਹੁੰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿੱਚ ਅੱਜ ਤੱਕ ਨਿਰੰਤਰ ਕਾਇਮ ਹੈ।ਭਾਵੇਂ ਪੰਜਾਬੀ ਨਾਵਲ ਦੇ ਪੈਦਾ ਹੋਣ ਦੇ ਕਾਰਨ ਅਤੇ ਪ੍ਰਸੰਗ ਯੂਰਪੀ ਨਾਵਲ ਤੋਂ ਪੂਰੀ ਤਰ੍ਹਾਂ ਵੱਖਰੇ ਹੋਣ ਦੇ ਨਾਲ ਨਾਲ ਉਲਟ ਵੀ ਹਨ। ਪੰਜਾਬੀ ਨਾਵਲ ਦੇ ਮੁੱਢ ਨੂੰ ਪਹਿਚਾਨਣ ਸਮੇਂ ਇਸ ਨੂੰ ਸਿਰਫ਼ ਯੂਰਪੀ ਨਾਵਲ ਦਾ ਪੰਜਾਬੀ ਰੂਪ ਜਾਂ ਉਨ੍ਹੀਵੀਂ ਸਦੀ ਦੀਆਂ ਧਰਮ ਸੁਧਾਰਕ ਲਹਿਰਾਂ ਦੇ ਪ੍ਰਚਾਰਕ-ਮਨਸ਼ਿਆਂ ਦੀ ਪੂਰਤੀ ਦਾ ਹਿੱਸਾ ਮੰਨਣਾ ਗ਼ਲਤ ਹੈ। ਸਗੋਂ ਇਹ ਇਸ ਦੀ ਉਤਪਤੀ ਦੇ ਕਈ ਆਧਾਰਾਂ ਵਿਚੋਂ ਸਿਰਫ਼ ਪ੍ਰੇਰਕ ਤੱਤਾਂ ਵਜੋਂ ਕਾਰਜਸ਼ੀਲ ਵੇਖੇ ਜਾ ਸਕਦੇ ਹਨ, ਵਾਹਦ ਨਿਰਧਾਰਕ ਨਹੀਂ।

ਉਪਰੋਕਤ ਪੈਰ੍ਹਾ ਪੜ੍ਹ ਕੇ 46-50 ਤੱਕ ਦੇ ਪ੍ਰਸ਼ਨਾਂ ਦੇ ਉੱਤਰ ਦਿਉ

46 ਆਧੁਨਿਕ ਪੰਜਾਬੀ ਸਾਹਿੱਤ ਦੇ ਭਿੰਨ ਭਿੰਨ ਰੂਪਾਕਾਰਾਂ ਦੇ ਜਨਮ ਦਾ ਆਧਾਰ ਹੈ:

(A) ਸਿੱਖ ਰਾਜ ਦਾ ਪਤਨ
(B) ਅੰਗਰੇਜ਼ਾਂ ਦਾ ਪੰਜਾਬ ਉੱਤੇ ਕਬਜ਼ਾ
(C) ਬਰਤਾਨਵੀ ਬਸਤੀਵਾਦੀਆਂ ਦਾ ਪੰਜਾਬੀ ਨਾਲ ਪਿਆਰ
(D) ਉਪਰੋਕਤ ਵਿੱਚੋਂ ਕੋਈ ਵੀ ਨਹੀਂ

47 ਪੰਜਾਬੀ ਨਾਵਲ ਦਾ ਆਰੰਭ ਕਿਵੇਂ ਹੋਇਆ ਮੰਨਿਆ ਜਾਂਦਾ ਹੈ;

(A) ਅੰਗਰੇਜ਼ਾਂ ਦੇ ਭਾਰਤ ਉਪਰ ਕਬਜ਼ਾ ਕਰਨ ਅਤੇ ਰਾਜ ਕਾਇਮ ਕਰਨ ਨਾਲ।

(B) ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ਾ ਕਰਨ ਅਤੇ ਰਾਜ ਕਾਇਮ ਕਰਨ ਨਾਲ।

(C) ਅੰਗਰੇਜ਼ਾਂ ਦੇ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਕੀਤੇ ਯਤਨਾਂ ਨਾਲ।

(D) ਨਵੀਂ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਨਾਲ।

48 ਪੰਜਾਬੀ ਨਾਵਲ ਦੀ ਰੂਪਾਕਾਰਕ ਹੋਂਦ-ਵਿਧੀ ਦਾ ਸੰਬੰਧ ਕਿਸ ਨਾਲ ਹੈ;

(A) ਯੂਰਪ ਦੇ ਯਥਾਰਥ ਅਤੇ ਉੱਥੋਂ ਦੇ ਨਾਵਲ ਦੇ ਰੂਪਾਕਾਰ ਨਾਲ।

(B) ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਨਾਲ।

(C) ਪੰਜਾਬੀ ਬਿਰਤਾਂਤਕ ਰੂਪਾਂ ਨਾਲ

(D) ਸਿੰਘ ਸਭਾ ਲਹਿਰ ਦੇ ਪ੍ਰਚਾਰ ਨਾਲ

49 ਪੰਜਾਬੀ ਨਾਵਲ ਦੀ ਉਤਪਤੀ ਦੇ ਪ੍ਰੇਰਿਕ ਤੱਤਾਂ ਦਾ ਸਹੀ ਜੁੱਟ ਹੈ;

(A) ਅੰਗਰੇਜ਼ੀ ਰਾਜ ਪ੍ਰਬੰਧ ਅਤੇ ਆਜ਼ਾਦੀ ਦੀ ਲਹਿਰ

(B) ਅੰਗਰੇਜ਼ੀ ਰਾਜ ਪ੍ਰਬੰਧ ਅਤੇ ਯੂਰਪੀ ਰੋਮਾਂਸ ਪਰੰਪਰਾ

(C) ਖ਼ਾਲਸਾ ਰਾਜ ਪ੍ਰਬੰਧ ਅਤੇ ਪੰਜਾਬੀ ਬਿਰਤਾਂਤ ਪਰੰਪਰਾ

(D) ਅੰਗਰੇਜ਼ੀ ਰਾਜ ਪ੍ਰਬੰਧ ਅਤੇ ਪੰਜਾਬੀ ਬਿਰਤਾਂਤ ਪਰੰਪਰਾ

50 ਪੰਜਾਬੀ ਨਾਵਲ ਦੀ ਉਤਪਤੀ ਦੇ ਪ੍ਰੇਰਿਕ ਤੱਤ ਹਨ;

(A) ਅੰਗਰੇਜ਼ੀ ਰਾਜ ਪ੍ਰਬੰਧ ਤੇ ਈਸਾਈ ਮਿਸ਼ਨਰੀਆਂ

(B) ਯੂਰਪੀ ਨਾਵਲ ਰਚਨਾ ਦੀ ਪਰੰਪਰਾ

(C) ਸਿੰਘ ਸਭਾ ਅਤੇ ਦੂਸਰੀਆਂ ਸਮਾਜ ਸੁਧਾਰਕ ਲਹਿਰਾਂ

(D) ਇੱਕ ਤੋਂ ਵਧੇਰੇ ਪ੍ਰੇਰਿਕ ਤੱਤ